25-08-24 ਸਵੇਰੇ ਦੀ ਮੁਰਲੀ ਓਮ ਸ਼ਾਂਤੀ "ਅਵਿਯਕਤ ਬਾਪਦਾਦਾ" ਰਿਵਾਇਜ਼ 04-11-20 ਮਧੂਬਨ

" ਸਤਵਾਦੀ ਬਣੋ ਅਤੇ ਸਮੇਂ ਪ੍ਰਮਾਣ ਰਹਿਮਦਿਲ ਬਣ ਬੇਹੱਦ ਦੀ ਵ੍ਰਿਤੀ , ਦ੍ਰਿਸ਼ਟੀ ਅਤੇ ਕ੍ਰਿਤੀ ਬਣਾਉਣ ਦੇ ਦ੍ਰਿੜ੍ਹ ਸੰਕਲਪ ਦਾ ਦੀਪ ਜਗਾਓ"

ਅੱਜ ਪਿਆਰ ਦੇ ਸਾਗਰ ਬਾਪਦਾਦਾ ਆਪਣੇ ਅਤਿ ਪਿਆਰੇ ਸਿਕੀਲੱਧੇ ਮਿੱਠੇ -ਮਿੱਠੇ ਬੱਚਿਆਂ ਨੂੰ ਮਿਲਣ ਆਏ ਹਨ। ਤੁਸੀਂ ਸਭ ਵੀ ਮਿਲਣ ਮਨਾਉਣ ਆਏ ਹੋ ਨਾ! ਭੱਜ -ਭੱਜ ਕੇ ਆਏ ਹਨ। ਤਾਂ ਬਾਪਦਾਦਾ ਵੀ ਬੱਚਿਆਂ ਨਾਲ ਮਿਲਣ ਦੇ ਲਈ ਭੱਜ -ਭੱਜ ਕੇ ਆਏ ਹਨ। ਤੁਸੀਂ ਸਭ ਤਾਂ ਇਸ ਲੋਕ ਤੋਂ ਆਏ ਹੋ ਅਤੇ ਬਾਪਦਾਦਾ ਪਰਲੋਕ ਅਤੇ ਸੂਕ੍ਸ਼੍ਮਲੋਕ ਤੋਂ ਆਏ ਹਨ। ਤਾਂ ਸਭਤੋਂ ਦੂਰ ਤੋਂ ਕੌਣ ਆਇਆ ਹੈ? ਕੌਣ ਦੂਰਦੇਸ਼ੀ ਹੈ? ਡਬਲ ਫਾਰਨਰਜ਼ ਦੂਰਦੇਸ਼ੀ ਹਨ? ਨਹੀਂ। ਸਭ ਤੋਂ ਦੂਰ ਤੋਂ ਦੂਰ, ਦੂਰਦੇਸ਼ੀ ਤਾਂ ਬਾਪ ਹੀ ਹੈ। ਬਾਪਦਾਦਾ ਨੂੰ ਇਸ ਵਾਰੀ ਡਬਲ ਵਿਦੇਸ਼ੀ ਅਤੇ ਭਾਰਤਵਾਸੀ ਬੱਚਿਆਂ ਦੀ ਇੱਕ ਗੱਲ ਤੇ ਬਹੁਤ ਨਾਜ਼ ਹੈ। ਕਿਹੜੀ ਗੱਲ ਤੇ ਨਾਜ਼ ਹੈ? ਬੋਲੋ। ਵਿਸ਼ੇਸ਼ ਡਬਲ ਵਿਦੇਸ਼ੀ ਬੱਚਿਆਂ ਦੀ ਹਿੰਮਤ ਦੇਖਕੇ ਬਾਪਦਾਦਾ ਨੂੰ ਨਾਜ਼ ਹੈ ਕਿ ਕਿਵੇਂ ਦੀ ਵੀ ਪਰਿਸਥਿਤੀ ਵਿੱਚ ਬਾਪ ਨੂੰ ਮਿਲਣ ਪਹੁੰਚ ਹੀ ਗਏ ਹਨ। ਡਰਾਮੇ ਨੇ ਖੇਡ ਵੀ ਦਿਖਾਇਆ ਪਰ ਬਾਪ ਅਤੇ ਬੱਚਿਆਂ ਨੂੰ ਮਿਲਣ ਨੂੰ ਡਰਾਮਾ ਵੀ ਰੋਕ ਨਹੀਂ ਸਕਿਆ। ਤਾਂ ਅਜਿਹੀ ਹਿੰਮਤ ਵਾਲੇ ਬੱਚਿਆਂ ਤੇ ਬਾਪਦਾਦਾ ਵਿਸ਼ੇਸ਼ ਵਰਦਾਨਾ ਦੀ ਵਰਖਾ ਕਰ ਰਹੇ ਹਨ।

ਅੱਜ ਇਸ ਘੜੀ ਜੋ ਵੀ ਬੱਚਾ ਜੋ ਵੀ ਵਰਦਾਨ ਚਾਹੇ ਭਾਵੇਂ ਉਹ ਵਰਦਾਨ ਮਿਲੇਗਾ। ਸਹਿਜ ਮਿਲੇਗਾ ਪਰ ਇਸ ਵਰਦਾਨ ਨੂੰ ਰੋਜ਼ ਅੰਮ੍ਰਿਤਵੇਲੇ ਅਤੇ ਕਰਮਯੋਗੀ ਸਥਿਤੀ ਵਿੱਚ ਬਾਰ -ਬਾਰ ਦਿਲ ਤੋ ਯਾਦ ਕਰਨਾ ਹੈ। ਦਿਲਸ਼ਿਕਸ਼ਤ ਨਹੀਂ ਹੋਣਾ। ਵਰਦਾਨ ਪ੍ਰਾਪਤ ਹਨ ਸਿਰਫ਼ ਜਿਵੇਂ ਸਥੂਲ ਨੈਣਾ ਦੇ ਵਿੱਚ ਨਿਰਤਰ ਬਿੰਦੀ ਚਮਦਕੀ ਹੈ ਨਾ! ਇਵੇਂ ਸਦਾ ਨੈਣਾਂ ਵਿੱਚ ਬਾਪ ਬਿੰਦੀ ਨੂੰ ਸਮਾ ਕੇ ਰੱਖਣਾ। ਰੱਖ ਸਕਦੇ ਹੋ ਜਾਂ ਮੁਸ਼ਕਿਲ ਹੈ? (ਸਹਿਜ ਹੈ) ਤਾਂ ਜਿਵੇਂ ਸਥੂਲ ਬਿੰਦੀ ਨਿਰੰਤਰ ਹੈ, ਇਵੇਂ ਨੈਣਾਂ ਵਿੱਚ ਨਿਰੰਤਰ ਬਾਪ ਬਿੰਦੀ ਵੀ ਸਮਾਇਆ ਹੋਇਆ ਹੋਵੇ। ਸਮਾ ਲਿਆ? ਫਿੱਟ ਹੋ ਗਿਆ? ਨਿਕਲ ਤਾਂ ਨਹੀਂ ਜਾਏਗਾ? ਜੇਕਰ ਨੈਣਾ ਵਿੱਚ ਨਿਰੰਤਰ ਬਾਪ ਬਿੰਦੀ ਸਮਾਇਆ ਹੋਇਆ ਹੈ ਤਾਂ ਹੋਰ ਕਿਸੇ ਵਲ ਵੀ ਨੈਣ ਆਕਰਸ਼ਿਤ ਨਹੀਂ ਹੋਣਗੇ। ਮਿਹਨਤ ਤੋਂ ਛੁੱਟ ਜਾਵੋਗੇ। ਹੋਰ ਪਾਸੇ ਨਜ਼ਰ ਜਾਏਗੀ ਹੀ ਨਹੀਂ। ਬਿਲਕੁਲ ਸੇਫ ਹੋ ਜਾਵੋਗੇ। ਕੁਝ ਵੀ ਹੋ ਜਾਵੇ ਪਰ ਨੈਣਾਂ ਵਿਚ ਸਦਾ ਬਿੰਦੀ ਬਾਪ ਸਮਾਇਆ ਹੋਇਆ ਹੋਵੇ। ਸਦਾ ਨੈਣਾਂ ਵਿੱਚ ਸਮਾਇਆ ਹੋਇਆ ਹੋਵੇਗਾ ਤਾਂ ਦਿਲ ਵਿੱਚ ਵੀ ਉਹ ਹੀ ਸਮਾਇਆ ਹੋਇਆ ਹੋਵੇਗਾ। ਤਾਂ ਦਿਲ ਵਿੱਚ ਅਤੇ ਨੈਣਾਂ ਵਿੱਚ ਸਮਾਉਣ ਦੀ ਵਿਧੀ ਹੈ - ਬਾਪਦਾਦਾ , ਸਾਹਿਬ ਨੂੰ ਰਾਜ਼ੀ ਕਰਨਾ। ਤਾਂ ਸ਼ਹਿਬ ਰਾਜ਼ੀ ਹਨ? ਤੁਸੀਂ ਸਮਝਦੇ ਹੋ ਬਾਪਦਾਦਾ ਸ਼ਾਹਿਬ ਤੁਹਾਡੇ ਤੇ ਰਾਜ਼ੀ ਹਨ? ਕਿੰਨੇ ਪਰਸੈਂਟ ਰਾਜ਼ੀ ਹਨ? (ਕਿਸੇ ਨੇ ਕਿਹਾ 99, ਕਿਸੇ ਨੇ ਕਿਹਾ 75 ਪਰਸੈਂਟ) ਆਫ਼ਰੀਨ ਹੈ। ਬਾਪਦਾਦਾ ਨੂੰ ਰਾਜ਼ੀ ਕਰਨਾ ਬਹੁਤ ਸਹਿਜ ਹੈ। ਬਾਪਦਾਦਾ ਨੂੰ ਰਾਜ਼ੀ ਕਰਨ ਦਾ ਸਹਿਜ ਸਾਧਨ ਹੈ "ਸੱਚੀ ਦਿਲ"। ਸੱਚੀ ਦਿਲ ਤੇ ਸ਼ਾਹਿਬ ਰਾਜ਼ੀ ਹੈ। ਹਰ ਕਰਮ ਵਿੱਚ ਸਤਵਾਦੀ। ਸਤਿਯਤਾ ਮਹਾਨਤਾ ਹੈ। ਜੋ ਸੱਚੀ ਦਿਲ ਵਾਲਾ ਹੈ, ਉਹ ਸਦਾ ਸੰਕਲਪ, ਵਾਣੀ ਅਤੇ ਕਰਮ ਵਿੱਚ, ਸੰਬੰਧ -ਸੰਪਰਕ ਵਿੱਚ ਰਾਜ਼ਯੁਕਤ ਮਤਲਬ ਰਾਜ਼ ਨੂੰ ਸਮਝ ਕਰਨ ਵਾਲੇ, ਚੱਲਣ ਵਾਲੇ; ਅਤੇ ਅਸੀਂ ਕਿਥੋਂ ਤੱਕ ਰਾਜ਼ਯੁਕਤ ਹਾਂ ਉਸਨੂੰ ਪਰਖਣ ਦੀ ਨਿਸ਼ਾਨੀ ਹੈ - ਜੇਕਰ ਰਾਜ਼ ਜਾਣਦਾ ਹੈ ਤੇ ਉਹ ਕਦੀ ਵੀ ਆਪਣੇ ਖੁਦ - ਸ਼ਥਿਤੀ ਤੋਂ ਨਾਰਾਜ਼ ਨਹੀਂ ਹੋਵੇਗਾ ਮਤਲਬ ਦਿਲਸ਼ਿਕਸ਼ਤ ਨਹੀਂ ਹੋਵੇਗਾ ਅਤੇ ਸੰਕਲਪ ਵਿੱਚ ਵ੍ਰਿਤੀ ਨਾਲ ਵੀ, ਸਮ੍ਰਿਤੀ ਨਾਲ ਵੀ, ਦ੍ਰਿਸ਼ਟੀ ਨਾਲ ਵੀ ਕਿਸੇ ਨੂੰ ਨਾਰਾਜ਼ ਨਹੀਂ ਕਰੇਗਾ; ਕਿਉਂਕਿ ਉਹ ਸਭਦੇ ਅਤੇ ਆਪਣੇ ਸੰਸਕਾਰ - ਸੁਭਾਵ ਨੂੰ ਜਾਨਣ ਵਾਲਾ ਰਾਜ਼ਯੁਕਤ ਹੈ। ਤਾਂ ਬਾਪ ਨੂੰ ਰਾਜ਼ੀ ਕਰਨ ਦੀ ਵਿਧੀ ਹੈ - ਰਾਜ਼ਯੁਕਤ ਚਲਣਾ ਅਤੇ ਰਾਜ਼ਯੁਕਤ ਮਤਲਬ ਨਾ ਆਪਣੇ ਅੰਦਰ ਨਰਾਜ਼ਗੀ ਆਏ, ਨਾ ਹੋਰਾਂ ਨੂੰ ਨਾਰਾਜ਼ ਕਰੇ।

ਸਦਾ ਸਮੇਂ ਅਨੁਸਾਰ ਆਪਣੇ ਮਨ, ਬੁੱਧੀ ਨੂੰ ਸੁਪਨੇ ਤੱਕ ਵੀ ਸਦਾ ਸ਼ੁਭ ਅਤੇ ਸ਼ੁੱਧ ਰੱਖੋ। ਕਈ ਬੱਚੇ ਰੂਹਰਿਹਾਨ ਵਿੱਚ ਕਹਿੰਦੇ ਹਨ - ਬਾਪਦਾਦਾ ਤਾਂ ਸ਼ਕਤੀਆਂ ਦਿੰਦਾ ਹੈ ਪਰ ਸਮੇਂ ਤੇ ਸ਼ਕਤੀ ਯੂਜ਼ ਨਹੀਂ ਹੁੰਦੀ। ਬਾਪਦਾਦਾ ਵਿਸ਼ੇਸ਼ ਸਭ ਬੱਚਿਆਂ ਦੇ ਸਾਥੀ ਹੋਣ ਦੇ ਸੰਬੰਧ ਨਾਲ ਵਿਸ਼ੇਸ਼ ਅਜਿਹੇ ਸਮੇਂ ਤੇ ਐਕਸਟ੍ਰਾ ਮਦਦ ਦਿੰਦੇ ਹਨ, ਕਿਉਂ? ਬਾਪ ਜਿੰਮੇਵਾਰ ਹੈ ਬੱਚਿਆਂ ਨੂੰ ਸੰਪੰਨ ਬਣਾਏ, ਨਾਲ ਲੈ ਜਾਣ ਦੇ ਲਈ। ਤਾਂ ਬਾਪ ਆਪਣੀ ਜਿੰਮੇਵਾਰੀ ਵਿਸ਼ੇਸ਼ ਅਜਿਹੇ ਸਮੇਂ ਤੇ ਨਿਭਾਉਂਦੇ ਹਨ ਲੇਕਿਨ ਕਦੇ - ਕਦੇ ਬੱਚਿਆਂ ਦੇ ਮਨ ਦੀ ਕੈਚਿੰਗ ਪਾਵਰ ਦਾ ਸਵਿੱਚ ਆਫ ਹੁੰਦਾ ਹੈ, ਤਾਂ ਬਾਪ ਕੀ ਕਰੇ? ਬਾਪ ਤਾਂ ਫਿਰ ਵੀ ਸਵਿੱਚ ਆਨ ਕਰਨ ਦੀ, ਖੋਲਣ ਦੀ ਕੋਸ਼ਿਸ਼ ਕਰਦੇ ਹਨ ਲੇਕਿਨ ਟਾਇਮ ਲੱਗ ਜਾਂਦਾ ਹੈ ਇਸਲਈ ਜਦੋਂ ਫਿਰ ਸਵਿੱਚ ਆਨ ਹੋ ਜਾਂਦਾ ਹੈ ਤਾਂ ਕਹਿੰਦੇ ਹਨ - ਕਰਨਾ ਤਾਂ ਨਹੀਂ ਚਾਹੀਦਾ ਸੀ, ਪਰ ਹੋ ਗਿਆ। ਤਾਂ ਸਦਾ ਆਪਣੇ ਮਨ ਦੀ ਕੈਚਿੰਗ ਪਾਵਰ, ਜਿਸ ਨੂੰ ਤੁਸੀ ਕਹਿੰਦੇ ਹੋ ਟਚਿੰਗ, ਉਸ ਟਚਿੰਗ ਅਤੇ ਕੈਚਿੰਗ ਪਾਵਰ ਦਾ ਸਵਿੱਚ ਆਨ ਰੱਖੋ। ਮਾਇਆ ਕੋਸ਼ਿਸ਼ ਕਰਦੀ ਹੈ ਆਫ ਕਰਨ ਦੀ, ਸੈਕਿੰਡ ਵਿਚ ਆਫ ਕਰਕੇ ਚਲੀ ਜਾਂਦੀ ਹੈ, ਇਸਲਈ ਜਿਵੇਂ ਸਮੇਂ ਨਾਜ਼ੁਕ ਹੁੰਦਾ ਜਾਵੇਗਾ, ਹਾਲੇ ਹੋਣਾ ਹੈ ਹੋਰ। ਡਰਦੇ ਤਾਂ ਨਹੀਂ ਹੋ ਨਾ? ਬਾਪਦਾਦਾ ਨੇ ਪਹਿਲੇ ਵੀ ਕਿਹਾ ਕਿ ਤੁਸੀ ਸਭ ਨੇ ਵਰ੍ਹਾ ਕਿਓਂ ਮਨਾਇਆ ਹੈ? ਕਿਹੜਾ ਵਰ੍ਹਾ ਮਨਾਇਆ ਹੈ? ਸੰਸਕਾਰ ਤੋਂ ਸੰਸਾਰ ਪਰਿਵਰਤਨ ਦਾ। ਪੱਕਾ ਹੈ ਨਾ! ਮਨਾਇਆ ਹੈ ਨਾ! ਜਾਂ ਭੁੱਲ ਗਏ ਹੋ? (ਮਨਾ ਰਹੇ ਹੋ) ਤਾਂ ਜਦ ਬੱਚਿਆਂ ਨੇ ਸੰਸਾਰ ਪਰਿਵਰਤਨ ਦਾ ਪੱਕਾ ਸੰਕਲਪ ਲਿਆ ਹੈ ਤਾਂ ਪ੍ਰਕ੍ਰਿਤੀ ਬਾਪ ਤੋਂ ਪੁੱਛਦੀ ਹੈ ਕਿ ਮੈਂ ਤਿਆਰੀ ਕਰਦੀ ਹਾਂ, ਸਫਾਈ ਕਰਨ ਦੀ ਲੇਕਿਨ ਸਫਾਈ ਕਰਨ ਵਾਲੇ ਜੋ ਨਿਮਿਤ ਹਨ ਉਹ ਕਰਦੇ - ਕਰਦੇ ਸੋਚ ਵਿਚ ਪੈ ਜਾਂਦੇ ਹਨ, ਦੁਵਿਧਾ

ਵਿੱਚ ਪੈ ਜਾਂਦੇ ਹਨ ਕਰੀਏ ਕਿ ਨਹੀ ਕਰੀਏ। ਜਲਦੀ ਕਰੀਏ, ਜਾਂ ਹੌਲੀ ਕਰੀਏ, ਤਾਂ ਮੈਂ ਕੀ ਕਰਾਂ! ਪ੍ਰਕ੍ਰਿਤੀ ਪੁੱਛਦੀ ਹੈ, ਤਾਂ ਬਾਪਦਾਦਾ ਪ੍ਰਕ੍ਰਿਤੀ ਨੂੰ ਕੀ ਜਵਾਬ ਦੇਵੇ? ਡਬਲ ਵਿਦੇਸ਼ੀ ਬੋਲੋ। (ਥੋੜ੍ਹਾ ਇੰਤਜਾਰ ਕਰੀਏ) ਇਹ ਤਾਂ ਠੀਕ ਜਵਾਬ ਨਹੀਂ ਹੈ। ਜੇਕਰ ਡਬਲ ਵਿਦੇਸ਼ੀ ਇੰਤਜਾਰ ਕਰਨਗੇ ਤਾਂ ਫਿਰ ਪਲੇਨ ਨਹੀਂ ਮਿਲਣਗੇ। ਹਾਲੇ ਤਾਂ ਪਲੇਨ ਮਿਲ ਗਏ ਨਾ। ਸੁੱਤੇ - ਸੁੱਤੇ ਆਏ ਹੋ ਨਾ ਪਲੇਂਨ ਵਿਚ! ਆਰਾਮ ਨਾਲ ਆ ਗਏ ਨਾ । ਸਾਰੀ ਸਭਾ ਵਿੱਚੋ ਕਿਸੇ ਨੂੰ ਵੀ ਆਉਣ ਵਿਚ ਮੁਸ਼ਕਿਲ ਹੋਈ? ਹੱਥ ਉਠਾਓ। (ਇੱਕ ਨੇ ਕਿਹਾ ਕਿ ਸਾਡਾ ਪਲੇਨ ਇੱਕ ਵਾਰੀ ਵਾਪਿਸ ਚਲਾ ਗਿਆ) ਟਾਇਮ ਤੇ ਪਹੁੰਚ ਤਾਂ ਗਏ । ਇਹ ਹਿੰਮਤ ਦੀ ਗੱਲ ਹੈ। ਜੋ ਥੋੜ੍ਹਾ ਡਰੇ ਤਾਂ ਬੈਠ ਗਏ। ਤੁਸੀ ਲੋਕਾਂ ਨੇ ਦ੍ਰਿੜ ਸੰਕਲਪ ਕੀਤਾ, ਜਾਣਾ ਹੀ ਹੈ ਤਾਂ ਪਹੁੰਚ ਗਏ। ਸਿਰਫ ਇੱਕ ਦਾ ਪਲੇਨ ਮੁੜਿਆ, ਬਸ ਨਾ। ਉਸ ਦੀ ਕੋਈ ਗੱਲ ਨਹੀਂ, ਫਿਰ ਚੰਗਾ ਮਿਲੇਗਾ। ਹੁਣ ਅੱਗੇ ਤਾਂ ਪ੍ਰਕ੍ਰਿਤੀ ਨੂੰ, ਸਫਾਈ ਕਰਨ ਵਾਲਿਆਂ ਨੂੰ ਸੋਚ ਵਿਚ ਨਾ ਪਾਓ ਕਿਉਂਕਿ ਸਥਾਪਨਾ ਵਾਲੇ ਹਾਲੇ ਵੀ ਕਦੇ - ਕਦੇ ਸੋਚ ਵਿਚ ਪੈ ਜਾਂਦੇ ਹਨ। ਕੀ ਕਰੀਏ, ਇਵੇਂ ਕਰੀਏ, ਨਹੀਂ ਕਰੀਏ! ਠੀਕ ਹੋਵੇਗਾ ਜਾਂ ਨਹੀਂ ਠੀਕ ਹੋਵੇਗਾ? ਇਕਦਮ ਸਪੱਸ਼ਟ ਹੋਵੇ ਹਾਂ ਜਾਂ ਨਾ। ਇਹ ਰਾਇਟ ਹੈ, ਇਹ ਰਾਂਗ ਹੈ - ਕਲੀਅਰ ਹੋਵੇ। ਤਾਂ ਪ੍ਰਕ੍ਰਿਤੀ ਤੁਹਾਡੇ ਵਰ੍ਹਾ ਮਨਾਉਣ ਦੇ ਕਾਰਣ ਤਿਆਰੀ ਤਾਂ ਕਰੇਗੀ। ਹੁਣ ਵੀ ਕਰਵਾ ਰਹੀ ਹੈ ਲੇਕਿਨ ਸਥਾਪਨਾ ਦੇ ਨਿਮਿਤ ਬਣੀਆਂ ਹੋਈਆਂ ਆਤਮਾਵਾਂ ਨੂੰ ਹਾਲੇ ਕਿਸੇ ਵੀ ਗੱਲਾਂ ਵਿਚ ਭਾਵੇਂ ਖੁਦ ਪ੍ਰਤੀ, ਭਾਵੇਂ ਦੂਜਿਆਂ ਦੇ ਪ੍ਰਤੀ ਸੋਚਣ ਵਿਚ ਸਮਾਂ ਨਹੀਂ ਲਗਾਉਣਾ ਚਾਹੀਦਾ। ਸੈਕਿੰਡ ਵਿਚ ਕਲੀਅਰ ਟਚਿੰਗ ਹੋਵੇ। ਬਿੰਦੀ ਲਗਾਉਣ ਵਿੱਚ ਕਿੰਨਾਂ ਸਮਾ ਲਗਦਾ ਹੈ? (ਸੈਕਿੰਡ) ਤਾਂ ਜਦੋਂ ਪ੍ਰੈਕਟਿਕਲ ਲਾਈਫ ਵਿਚ ਬਿੰਦੀ ਲਗਾਉਂਦੇ ਹੋ ਤਾਂ ਸੈਕਿੰਡ ਲਗਦਾ ਹੈ? ਕਿਸੇ ਵੀ ਗੱਲ ਵਿਚ ਬਿੰਦੀ ਲਗਾਉਣ ਵਿਚ ਜਾਂ ਬਿੰਦੂ ਰੂਪ ਸਥਿਤੀ ਵਿਚ ਸਥਿਤ ਹੋਣ ਲਈ ਸੈਕਿੰਡ ਲਗਦਾ ਹੈ? ਮੰਨ ਲਓ ਕੋਈ ਗੱਲ ਤੁਹਾਡੇ ਸਾਮਨੇ ਆ ਗਈ, ਉਸ ਨੂੰ ਬਿੰਦੀ ਲਗਾਉਣ ਵਿੱਚ ਸੈਕਿੰਡ ਲਗਦਾ ਹੈ? ਪਾਂਡਵਾਂ ਨੂੰ ਸੈਕਿੰਡ ਲਗਦਾ ਹੈ? (ਕਦੇ - ਕਦੇ) ਪਾਂਡਵਾਂ ਨੂੰ ਬਿੰਦੀ ਲਗਾਉਣ ਵਿਚ ਸਮਾ ਲਗਦਾ ਹੈ, ਇਹ ਤਾਂ ਕਹਿ ਰਹੀ ਹਨ ਸੈਕਿੰਡ ਲਗਦਾ ਹੈ? ਸ਼ਕਤੀਆਂ ਵਿਚ ਸ਼ਕਤੀ ਹੈ? (ਪਾਂਡਵ ਸੱਚ ਬੋਲਦੇ ਹਨ) ਨਹੀਂ, ਦੋਵੇਂ ਸੱਚੇ ਹਨ, ਕਿਉਂਕਿ ਉਨ੍ਹਾਂ ਦੀ ਬਿੰਦੀ ਹੁਣ ਲਗਦੀ ਹੋਵੇਗੀ, ਤੁਹਾਡੀ ਹੁਣ ਨਹੀਂ ਲਗਦੀ ਹੋਵੇਗੀ, ਇਸਲਈ ਫਰਕ ਹੋ ਗਿਆ। ਬਾਕੀ ਤਾਂ ਸਭ ਸੱਚੇ ਹਨ। ਸੱਚੇ ਦਿਲ ਵਾਲੇ ਹਨ। ਅੱਛਾ।

ਹਾਲ ਤਾਂ ਫੁੱਲ ਹੈ। ( ਹੇਠਾਂ ਪਾਂਡਵ ਭਵਨ ਵਿਚ ਵੀ ਬੈਠੇ ਹਨ ) ਹੇਠਾਂ ਤਾਂ ਬੈਠੇ ਹਨ ਲੇਕਿਨ ਬਾਪਦਾਦਾ ਦੇ ਸਾਮਨੇ ਹਨ। ਜੋ ਦੇਸ਼ - ਵਿਦੇਸ਼ ਵਿਚ ਇਸੇ ਯਾਦ ਵਿੱਚ ਬੈਠੇ ਹਨ - ਬਾਪ ਦਾਦਾ ਮਧੂਬਨ ਵਿਚ ਆ ਗਏ। ਆਪਣੇ - ਆਪਣੇ ਦੂਰਦੇਸ਼ੀ ਦ੍ਰਿਸ਼ਟੀ, ਦੂਰਬੀਨ ਨਾਲ ਵੇਖ ਰਹੇ ਹਨ। ਤਾਂ ਉਹ ਵੀ ਹਾਲੇ ਬਾਬਾ ਦੇ ਸਾਮਨੇ ਆ ਰਹੇ ਹਨ ਕਿ ਕਿਵੇਂ ਦੂਰ ਬੈਠੇ ਵੀ ਮਨ ਤੋਂ ਮਧੂਬਨ ਵਿਚ ਹਨ। ਤੁਹਾਡੇ ਇਸ ਸਾਕਾਰ ਵਤਨ ਦੇ ਇਹ ਸਾਧਨ ਤਾਂ ਉੱਪਰ ਹੇਠਾਂ ਹੋ ਸਕਦੇ ਹਨ ਲੇਕਿਨ ਇਹ ਅਧਿਆਤਮਿਕ ਦੂਰ ਦ੍ਰਿਸ਼ਟੀ, ਦੂਰਾਦੇਸ਼ੀ ਦ੍ਰਿਸ਼ਟੀ ਕਦੇ ਖਰਾਬ ਨਹੀਂ ਹੋ ਸਕਦੀ। ਤਾਂ ਬਾਪਦਾਦਾ ਦੇ ਸਾਮਨੇ ਸਾਰੇ ਚਾਰੋਂ ਪਾਸੇ ਦੇ ਸੇਵਾਕੇਂਦਰ ਦੇ ਬੱਚੇ ਵਿਖਾਈ ਦੇ ਰਹੇ ਹਨ। ਅੱਛਾ।

ਦੀਵਾਲਿ ਮਨਾ ਲਈ? ਸੰਗਮਯੁਗ ਹੈ ਹੀ ਮਨਾਉਣ ਦਾ ਯੁੱਗ। ਚਾਹੇ ਅੰਤਰਮੁਖੀ ਹੋ, ਅਤਿੰਦਿਰੀਆ ਸੁਖ ਦੀ ਮੌਜ ਮਨਾਓ। ਭਾਵੇਂ ਸੇਵਾ ਵਿਚ ਮਹਾਦਾਨੀ ਬਣ ਆਤਮਾਵਾਂ ਦੇ ਪ੍ਰਤੀ ਮਹਾਦਾਨ ਦਿੰਦੇ ਹੋਏ ਮਨਾਓ, ਭਾਵੇਂ ਆਪਸ ਵਿਚ ਰੂਹ ਰਿਹਾਨ ਕਰੋ, ਡਾਂਸ ਕਰੋ, ਸੰਬੰਧ - ਸੰਪਰਕ ਵਿਚ ਇੱਕ ਦੋ ਦੀ ਵਿਸ਼ੇਸ਼ਤਾ ਨੂੰ ਵੇਖੋ, ਵਿਸ਼ੇਸ਼ਤਾ ਦੀ ਖ਼ੁਸ਼ਬੂ ਲਵੋ, ਸਦਾ ਮਨਾਉਣਾ ਹੀ ਮਨਾਉਣਾ ਹੈ। ਗਵਾਉਣ ਦਾ ਸਮਾਂ ਖਤਮ ਹੋ ਗਿਆ। ਗਵਾਉਣ ਦਾ ਯੁੱਗ ਤੇ ਨਹੀਂ ਹੈ ਨਾ? ਹੁਣ ਮਨਾਉਣ ਦਾ ਅਤੇ ਕਮਾਉਣ ਦਾ ਯੁੱਗ ਹੈ, ਜਮਾ ਕਰਨ ਦਾ ਯੁੱਗ ਹੈ। ਤਾਂ ਬਾਪਦਾਦਾ ਸਦਾ ਹਰ ਬੱਚੇ ਨੂੰ ਇਹ ਹੀ ਵੇਖਦਾ ਰਹਿੰਦਾ, ਤਾਂ ਮਨਾ ਰਹੇ ਹਨ, ਕਿਸੇ ਵੀ ਰੂਪ ਵਿਚ ਮਨਾਉਣਾਂ ਹੀ ਹੈ ਕਿਉਂਕਿ ਸੰਗਮ ਤੇ ਹੀ ਗਵਾਉਣਾ ਅਤੇ ਮਨਾਉਣਾ, ਦੋਵਾਂ ਦਾ ਨਾਲੇਜ ਹੈ, ਇਸਲਈ ਗਵਾਂ ਕੇ ਮਨਾਉਣਾ ਉਸਦਾ ਮਹੱਤਵ ਹੁੰਦਾ ਹੈ। ਹੁਣ ਗਵਾਉਣ ਨੂੰ ਬਿੰਦੀ ਲਗਾਓ। ਸਟਾਪ। ਗਵਾਉਣਾ ਨਹੀਂ ਹੈ। ਇੱਕ ਸੰਕਲਪ ਵੀ ਗਵਾਣੂਨਾ ਨਹੀਂ ਹੈ। ਕਮਾਉਣ ਦੇ ਸਮੇਂ ਤੇ ਗਵਾਓਗੇ ਤਾਂ ਕਮਾਓਗੇ ਕਦੋਂ? ਫਿਰ ਤਾਂ ਸਮੇਂ ਮਿਲਣਾ ਨਹੀਂ ਹੈ। ਚੈਕ ਕਰੋ ਤਾਂ ਜੋ ਵੀ ਖਜਾਨੇ ਹਨ, ਸਭ ਤੋਂ ਵੱਡਾ ਖਜ਼ਾਨਾ ਕਿਹੜਾ ਹੈ। ਸੰਕਲਪ, ਸਮੇਂ, ਗਿਆਨ ਦਾ ਖ਼ਜ਼ਾਨਾ, ਪ੍ਰਤੱਖ ਜੀਵਨ ਵਿੱਚ ਆਏ। ਗਿਆਨ ਸੁਨਾਉਣ ਅਤੇ ਸੁਣਨਾ ਇਹ ਫਸਟ ਸਟੇਜ ਹੈ ਪਰ ਗਿਆਨ ਮਤਲਬ ਨਾਲੇਜ਼। ਨਾਲੇਜ਼ ਨੂੰ ਕੀ ਕਹਿੰਦੇ ਹੋ? ਨਾਲੇਜ਼ ਲਾਇਟ ਹੈ, ਮਾਇਟ, ਕਹਿੰਦੇ ਹੋ ਨਾ! ਤਾਂ ਗਿਆਨ ਅਤੇ ਨਾਲੇਜ਼ ਦਾ ਅਰਥ ਹੈ, ਇਸ ਸੰਕਲਪ ਵਿੱਚ, ਬੋਲ ਵਿੱਚ, ਕਰਮ ਵਿੱਚ ਲਾਇਟ ਅਤੇ ਮਾਇਟ ਹੈ, ਕਹਿੰਦੇ ਹੋ ਨਾ! ਤਾਂ ਗਿਆਨ ਅਤੇ ਨਾਲੇਜ ਦਾ ਅਰਥ ਹੈ, ਇਸ ਸੰਕਲਪ ਵਿਚ, ਬੋਲ ਵਿਚ, ਕਰਮ ਵਿਚ ਲਾਈਟ ਅਤੇ ਮਾਇਟ ਹਨ ਤਾਂ ਕਹਾਂਗੇ ਨਾਲੇਜ਼ਫੁੱਲ।

ਕੁਮਾਰੀਆਂ ਨਾਲੇਜ਼ਫੁੱਲ ਬਣਨ ਵਾਲੀਆਂ ਹਨ ਨਾ? ਸਿਰਫ਼ ਕੋਰਸ ਕਰਾਉਣ ਵਾਲੀ ਨਹੀਂ ਬਣਨਾ। ਭਾਸ਼ਣ ਕਰਨ ਵਾਲੀ ਨਹੀਂ ਬਣਨਾ। ਨਾਲ - ਨਾਲ ਨਾਲੇਜ਼ ਦੀ ਲਾਇਟ ਮਾਇਟ, ਸੰਕਲਪ, ਬੋਲ ਅਤੇ ਕਰਮ ਵਿੱਚ ਹੋਵੇ। ਕੁਮਾਰੀਆਂ ਨਾਲ ਤੇ ਬਾਪਦਾਦਾ ਦਾ ਵਿਸ਼ੇਸ਼ ਪਿਆਰ ਹੈ। ਕਿਉਂ? ਆਪਣੇ ਜੀਵਨ ਦਾ ਫੈਸਲਾ ਕਰ ਲਿਆ। ਕਰ ਲਿਆ ਹੈ ਜਾਂ ਕਰਨਾ ਹੈ? ਚੰਗੀ ਤਰ੍ਹਾਂ ਸੋਚ ਲਿਆ ਜਾਂ ਉੱਥੇ ਜਾਕੇ ਸੋਚੋਂਗੀ? ਪੱਕਾ ਸੋਚ ਲਿਆ ਹੈ ਤਾਂ ਮੁਬਾਰਕ ਹੋਵੇ। ਦੇਖੋ ਇੰਨੇ ਹੈਂਡਸ ਤਿਆਰ ਮਿਲਣਗੇ ਤੁਹਾਨੂੰ। ਜੋ ਕੁਮਾਰੀਆਂ ਟ੍ਰੇਨਿੰਗ ਕਰ ਰਹੀਆਂ ਹਨ ਉਹ ਹੱਥ ਉਠਾਓ। ਕਿੰਨੀ ਸੰਖਿਆ ਹੈ? (80) ਜੋ ਹੁਣ ਸੇਵਾ ਵਿੱਚ ਨਹੀਂ ਲੱਗੀ ਹੋਈ ਹੈ, ਸੈਂਟਰ ਨਹੀਂ ਸੰਭਾਲਦੀ ਹੈ, ਉਹ ਹੱਥ ਉਠਾਓ। ਗਿਣਤੀ ਕਰੋ, ਅੱਧੇ ਹਨ। ਅੱਛਾ ਇੰਨੇ ਹੈਂਡਸ ਤਾਂ ਮਿਲਣਗੇ ਨਾ! ਰਾਈਟ ਹੈਂਡ ਜਾਂ ਲੇਫ਼੍ਹ ਹੈਂਡ? ਰਾਈਟ ਹੈਂਡ ਬਣੋਗੇ ਨਾ! ਅੱਛਾ ਹੈ। ਕੁਮਾਰੀਆਂ ਹੈ ਨਾ ਤਾਂ ਬਾਪਦਾਦਾ ਕੁਮਾਰੀਆਂ ਨੂੰ ਸੈਂਟਰਸ ਦਾ ਘਰ ਵੀ ਦਿੰਦਾ ਅਤੇ ਵਰ ਤਾਂ ਮਿਲਿਆ ਹੀ ਹੈ। ਹਮੇਸ਼ਾ ਘਰ ਅਤੇ ਵਰ ਦੋ ਚਾਹੀਦੇ ਹਨ। ਕੁਮਾਰੀਆਂ ਨੂੰ ਵਰ ਤੇ ਮਿਲ ਗਿਆ, ਹੁਣ ਘਰ ਵੀ ਮਿਲੇਗਾ, ਸੈਂਟਰ ਮਿਲੇਗਾ। ਕੁਮਾਰਾਂ ਨੂੰ ਵੀ ਮਿਲਦਾ ਹੈ।

ਕੁਮਾਰ ਸਮਝਦੇ ਅਸੀਂ ਪਿੱਛੇ ਕਿਉਂ। ਪਿੱਛੇ ਨਹੀਂ ਅੱਗੇ ਹੋ। ਕੁਮਾਰਾਂ ਦੇ ਬਿਨਾਂ ਵੀ ਸੇਵਾ ਕਿੱਥੇ ਚੱਲਦੀ ਹੈ। ਕਿਸੇ ਵੀ ਸੈਂਟਰਸ ਤੇ ਦੇਖੋ, ਜੇਕਰ ਹਾਰਡ ਵਰਕਰ ਕੁਮਾਰ ਨਹੀਂ ਹੋਣ ਤਾਂ ਭੈਣਾਂ ਕੁਝ ਨਹੀਂ ਕਰ ਸਕਦੀਆਂ। ਦੋਵੇਂ ਹੀ ਜ਼ਰੂਰੀ ਹਨ, ਇਸਲਈ ਪਾਂਡਵਾਂ ਦਾ ਵੀ ਨਾਮ ਹੈ ਤਾਂ ਸ਼ਕਤੀਆਂ ਦਾ ਵੀ ਨਾਮ ਹੈ। ਦੋਵਾਂ ਦਾ ਨਾਮ ਹੈ। ਅੱਛਾ।

ਵਰਤਮਾਨ ਸਮੇਂ ਤੁਸੀਂ ਹਰ ਇੱਕ ਨੂੰ, ਆਤਮਾਵਾਂ ਦੇ ਪ੍ਰਤੀ ਰਹਿਮਦਿਲ ਅਤੇ ਦਾਤਾ ਬਣ ਕੁਝ ਨਾ ਕੁਝ ਦੇਣਾ ਹੀ ਹੈ, ਭਾਵੇਂ ਮਨਸਾ ਸੇਵਾ ਦਵੋ, ਭਾਵੇਂ ਸ਼ੁਭ ਭਾਵਨਾ ਨਾਲ ਦਵੋ, ਸ੍ਰੇਸ਼ਠ ਸਕਾਸ਼ ਦੇਣ ਦੀ ਵ੍ਰਿਤੀ ਨਾਲ ਦਵੋ, ਭਾਵੇਂ ਅਧਿਆਤਿਕ ਸ਼ਕਤੀ ਬੋਲ ਨਾਲ ਦਵੋ, ਭਾਵੇਂ ਆਪਣੇ ਸਨੇਹ ਸੰਪੰਨ ਸੰਬੰਧ - ਸੰਪਰਕ ਨਾਲ ਦਵੋ ਪਰ ਕੋਈ ਵੀ ਆਤਮਾ ਖੁੰਝੀ ਨਹੀਂ ਰਹੇ। ਦਾਤਾ ਬਣੋ, ਰਹਿਮਦਿਲ ਬਣੋ। ਚਿੱਲਾ ਰਹੇ ਹਨ। ਬਾਪ ਦੇ ਅੱਗੇ ਆਪਣੀ - ਆਪਣੀ ਭਾਸ਼ਾ ਵਿੱਚ ਚਿੱਲਾ ਰਹੇ ਹਨ - ਸ਼ਾਂਤੀ ਦਵੋ, ਸਨੇਹ ਦਵੋ, ਦਿਲ ਦਾ ਪਿਆਰ ਦਵੋ, ਸੁਖ ਦੀਆਂ ਕਿਰਨਾਂ ਦਿਖਾਓ। ਤਾਂ ਬਾਪ ਕਿਵੇਂ ਦੇਣਗੇ? ਤੁਸੀਂ ਬੱਚਿਆਂ ਦਵਾਰਾ ਹੀ ਦੇਣਗੇ ਨਾ! ਬਾਪ ਦੇ ਤੁਸੀਂ ਸਭ ਰਾਈਟ ਹੈਂਡ ਹੋ। ਕਿਸੇ ਨੂੰ ਕੁਝ ਵੀ ਦੇਣਾ ਹੁੰਦਾ ਹੈ ਤਾਂ ਹੈਂਡ ਦਵਾਰਾ ਦਿੰਦੇ ਹਨ ਨਾ! ਤਾਂ ਤੁਸੀਂ ਸਭ ਬਾਪ ਦੇ ਰਾਈਟ ਹੈਂਡ ਹੋ ਨਾ! ਪਾਂਡਵ ਰਾਈਟ ਹੈਂਡ ਹੋ? ਤੁਸੀਂ ਰਾਈਟ ਹੈਂਡਸ ਦਾ ਯਾਦਗਾਰ ਹੈ। ਪਤਾ ਹੈ ਕਿਹੜਾ ਯਾਦਗਾਰ ਹੈ? ਵਿਰਾਟ ਰੂਪ ਦਾ ਚਿੱਤਰ ਦੇਖਿਆ ਹੈ, ਤਾਂ ਉਸ ਵਿੱਚ ਕਿੰਨੇ ਹੱਥ ਦਿਖਾਉਂਦੇ ਹਨ? ਤਾਂ ਤੁਸੀਂ ਰਾਈਟ ਹੈਂਡ ਦਾ ਚਿੱਤਰ ਹੈ ਨਾ! ਕੁਮਾਰੀਆਂ, ਉਸ ਵਿੱਚ ਤੁਸੀਂ ਲੋਕਾਂ ਦਾ ਚਿੱਤਰ ਹੈ ਨਾ? ਤਾਂ ਹੁਣ ਬਾਪ ਰਾਈਟ ਹੈਂਡਸ ਦਵਾਰਾ ਆਤਮਾਵਾਂ ਨੂੰ ਸੁਖ -ਸ਼ਾਂਤੀ ਦੀ ਅਚਲੀ ਤਾਂ ਦਵਾਏਗਾ ਨਾ! ਵਿਚਾਰਿਆਂ ਨੂੰ ਅੰਚਲੀ ਵੀ ਨਹੀਂ ਦਵਾਂਗੇ ਤਾਂ ਕਿੰਨਾ ਤੜਫਣਗੇ! ਹੁਣ ਸਭ ਹੱਦ ਦੀਆਂ ਗੱਲਾਂ ਤੋਂ ਉਚੇ ਹੋ ਜਾਓ। ਹੱਦ ਦੀਆਂ ਗੱਲਾਂ ਵਿੱਚ , ਹੱਦ ਦੇ ਸੰਸਕਾਰਾਂ ਵਿੱਚ ਸਮੇਂ ਨਹੀਂ ਗਵਾਓ। ਬਾਪਦਾਦਾ ਅੱਜ ਵੀ ਸਭ ਬੱਚਿਆਂ ਨੂੰ, ਭਾਵੇਂ ਇੱਥੇ ਬੈਠੇ ਹਨ, ਭਾਵੇਂ ਸੈਂਟਰਸ ਵਿੱਚ ਬੈਠੇ ਹਨ, ਭਾਵੇਂ ਦੇਸ਼ ਵਿੱਚ ਹਨ, ਭਾਵੇਂ ਵਿਦੇਸ਼ ਵਿੱਚ ਹਨ ਰਹਿਮਦਿਲ ਭਾਵਨਾ ਨਾਲ ਇਸ਼ਾਰਾ ਦੇ ਰਹੇ ਹਨ -ਬਾਪਦਾਦਾ ਹਰ ਬੱਚੇ ਦੀ ਹੱਦ ਦੀਆਂ ਗੱਲਾਂ, ਹੱਦ ਦੇ ਸੁਭਾਵ -ਸੰਸਕਾਰ, ਨਟਖਟ ਅਤੇ ਚਤੁਰਾਈ ਦੇ ਸੰਸਕਾਰ, ਅਲਬੇਲੇਪਨ ਦੇ ਸੰਸਕਾਰ ਬਹੁਤ ਸਮੇਂ ਤੋਂ ਦੇਖ ਰਹੇ ਹਨ, ਕਈ ਬੱਚੇ ਸਮਝਦੇ ਹਨ ਸਭ ਚਲ ਰਿਹਾ ਹੈ, ਕੌਣ ਦੇਖਦਾ ਹੈ, ਕੌਣ ਜਾਣਦਾ ਹੈ ਪਰ ਹੁਣ ਤੱਕ ਬਾਪਦਾਦਾ ਰਹਿਮਦਿਲ ਹੈ, ਇਸਲਈ ਦੇਖਦੇ ਹੋਏ ਵੀ, ਸੁਣਦੇ ਹੋਏ ਵੀ ਰਹਿਮ ਕਰ ਰਿਹਾ ਹੈ। ਪਰ ਬਾਪਦਾਦਾ ਪੁੱਛਦੇ ਹਨ ਆਖਿਰ ਵੀ ਰਹਿਮਦਿਲ ਕਦੋਂ ਤੱਕ? ਕਦੋਂ ਤੱਕ? ਕੀ ਹੋਰ ਟਾਇਮ ਚਾਹੀਦਾ ਹੈ? ਬਾਪ ਕੋਲੋਂ ਸਮੇਂ ਵੀ ਪੁੱਛਦਾ ਹੈ, ਆਖਿਰ ਕਦੋਂ ਤੱਕ? ਪ੍ਰਕ੍ਰਿਤੀ ਵੀ ਪੁੱਛਦੀ ਹੈ। ਜਵਾਬ ਦਵੋ ਤੁਸੀਂ। ਜਵਾਬ ਦਵੋ। ਹੁਣ ਤੇ ਸਿਰਫ਼ ਬਾਪ ਦਾ ਰੂਪ ਚਲ ਰਿਹਾ ਹੈ, ਸਿੱਖਿਅਕ ਅਤੇ ਸਤਿਗੁਰੂ ਤਾਂ ਹੈ ਹੀ। ਪਰ ਬਾਪ ਦਾ ਰੂਪ ਚਲ ਰਿਹਾ ਹੈ। ਸ਼ਮਾ ਦੇ ਸਾਗਰ ਦਾ ਪਾਰ੍ਹ ਚਲ ਰਿਹਾ ਹੈ। ਪਰ ਧਰਮਰਾਜ ਦਾ ਪਾਰ੍ਹ ਚੱਲਿਆ ਤਾਂ? ਕੀ ਕਰੋਗੇ? ਬਾਪਦਾਦਾ ਇਹ ਹੀ ਚਾਹੁੰਦੇ ਹਨ , ਕਿ ਧਰਮਰਾਜ ਦੇ ਪਾਰ੍ਹ ਵਿੱਚ ਵੀ ਵਾਹ ਬੱਚੇ ਵਾਹ ! ਦਾ ਆਵਾਜ਼ ਕੰਨਾਂ ਵਿੱਚ ਗੂੰਜੇ। ਫਿਰ ਬਾਪ ਨੂੰ ਉਲਾਹਣਾ ਨਹੀਂ ਦੇਣਾ। ਬਾਬਾ ਤੁਸੀਂ ਸੁਣਿਆ ਨਹੀਂ, ਅਸੀਂ ਤਿਆਰ ਹੋ ਜਾਂਦੇ ਸੀ ਨਾ! ਇਸਲਈ ਹੁਣ ਹੱਦ ਦੀਆਂ ਛੋਟੀਆਂ -ਛੋਟੀਆਂ ਗੱਲਾਂ ਵਿੱਚ, ਸੁਭਾਵ ਵਿੱਚ, ਸੰਸਕਾਰਾਂ ਵਿੱਚ ਸਮੇਂ ਨਹੀਂ ਗਵਾਓ। ਚਲ ਰਹੇ ਹਾਂ, ਚਲਣਾ ਹੈ, ਨਹੀਂ, ਜਮਾ ਹੁੰਦਾ ਜਾਂਦਾ ਹੈ। ਦੋਗਾਣਾ, ਤਿਗੁਣਾ, ਸੋਗੁਣਾ ਜਮਾਂ ਹੁੰਦਾ ਜਾਂਦਾ ਹੈ, ਚੱਲਦਾ ਹੈ ਨਹੀਂ, ਇਸਲਈ ਇਸ ਦ੍ਰਿੜ੍ਹ ਸੰਕਲਪ ਦਾ ਦਿਲ ਵਿੱਚ ਦੀਪ ਜਗਾਓ। ਹੱਦ ਤੋਂ ਬੇਹੱਦ ਵਿੱਚ ਵ੍ਰਿਤੀ , ਦ੍ਰਿਸ਼ਟੀ , ਕ੍ਰਿਤੀ ਬਣਾਉਣੀ ਹੀ ਹੈ , ਇਸਲਈ ਬਾਪਦਾਦਾ ਕਹਿੰਦੇ ਹਨ ਬਣਾਉਣੀ ਪਵੇਗੀ। ਅੱਜ ਇਹ ਕਹਿ ਰਹੇ ਹਨ ਬਣਾਉਣੀ ਪਵੇਗੀ ਫਿਰ ਕੀ ਕਹੋਗੇ? ਟੂ ਲੇਟ। ਸਮੇਂ ਨੂੰ ਦੇਖੋ, ਸੇਵਾ ਨੂੰ ਦੇਖੋ, ਸੇਵਾ ਵੱਧ ਰਹੀ ਹੈ, ਸਮਾਂ ਅੱਗੇ ਦੌੜ ਰਿਹਾ ਹੈ। ਪਰ ਖੁਦ ਹੱਦ ਵਿੱਚ ਹਨ ਜਾਂ ਬੇਹੱਦ ਵਿੱਚ ਹਨ? ਹੱਦ ਦੀਆਂ ਗੱਲਾਂ ਪਿੱਛੇ ਤੁਸੀਂ ਨਹੀਂ ਦੋੜੋ। ਤਾਂ ਬੇਹੱਦ ਦੀ ਵ੍ਰਿਤੀ, ਖੁਦ ਦੀ ਸਥਿਤੀ ਤੁਹਾਡੇ ਪਿੱਛੇ ਦੋੜ੍ਹੇਗੀ।

ਬਾਪਦਾਦਾ ਇਸ ਵਰ੍ਹੇ ਵਿੱਚ ਜੋ ਇਸ ਸਮੇਂ ਤੱਕ ਕੀਤਾ, ਉਸ ਵਿੱਚ ਸੰਤੁਸ਼ਟ ਹਨ ਆਫ਼ਰੀਨ ਵੀ ਦਿੰਦੇ ਹਨ। ਪਰ ਹੁਣ ਸੇਵਾ ਵਿੱਚ ਅਨੁਭੂਤੀ ਕਰਾਉਣਾ, ਸ਼ਮਾ ਦੇ ਉਪਰ ਪਰਵਾਨੇ ਬਨਾਉਣਾ, ਭਾਵੇਂ ਸਹਿਯੋਗੀ ਬਣਾਓ, ਭਾਵੇਂ ਸਾਥੀ ਬਣਾਓ, ਕੁਝ ਬਣੋ। ਅਨੁਭੂਤੀ ਦੀ ਖਾਨ ਖੋਲੋ। ਚੰਗਾ ਹੈ, ਇੱਥੇ ਤੱਕ ਠੀਕ ਹੈ। ਪਰ ਸਿਰਫ਼ ਚੱਕਰ ਲਗਾਉਣ ਵਾਲੇ ਪਰਵਾਨੇ ਨਹੀਂ ਬਣਨ। ਪੱਕੇ ਪਰਵਾਨੇ ਬਣਨਗੇ - ਅਨੁਭੂਤੀ ਦਾ ਕੋਰਸ ਕਰਾਉਣ ਨਾਲ। ਇੰਨੇ ਤੱਕ ਅਨੁਭੂਤੀ ਹੁੰਦੀ ਹੈ - ਬਹੁਤ ਚੰਗਾ ਹੈ, ਸਵਰਗ ਹੈ। ਇਹ ਹੀ ਅਸਲ ਗਿਆਨ ਹੈ, ਨਾਲੇਜ਼ ਹੈ, ਇੰਨੀ ਸੇਵਾ ਦਾ ਰਿਜ਼ਲਟ ਚੰਗਾ ਹੈ। ਹੁਣ ਅਨੁਭੂਤੀ ਸਵਰੂਪ ਬਣ ਅਨੁਭਵ ਕਰਵਾਓ। ਅਨੁਭਵ ਕਰਨ ਵਾਲੇ ਮਤਲਬ ਬਾਪ ਨਾਲ ਡਾਇਰੈਕਟ ਸੰਬੰਧ ਰੱਖਣ ਵਾਲੇ। ਅਜਿਹੇ ਅਨੁਭਵੀ ਪਰਵਾਨੇ ਤਿਆਰ ਕਰੋ। ਸਹਿਯੋਗੀ ਬਣਾਏ ਹਨ, ਉਸਦੀ ਮੁਬਾਰਕ ਹੈ ਹੋਰ ਬਣਾਓ। ਇਹ ਜਗ੍ਹਾ ਹੈ, ਇੱਥੇ ਤੋ ਹੀ ਪ੍ਰਾਪਤੀ ਹੋ ਸਕਦੀ ਹੈ, ਇੰਨੇ ਤੱਕ ਵੀ ਮਨਦੇ ਹਨ ਪਰ ਬਾਪ ਦੇ ਨਾਲ ਜਰਾ ਜਿਹਾ ਵੀ ਕੁਨੈਕਸ਼ਨ ਤਾਂ ਜੋੜੋ, ਜੋ ਸ਼ਮਾ ਦੇ ਪਿੱਛੇ ਭੱਜਦੇ ਰਹਿਣ। ਤਾਂ ਇਸ ਵਰ੍ਹੇ ਵਿਸ਼ੇਸ਼ ਬਾਪਦਾਦਾ ਸੇਵਾ ਵਿੱਚ ਅਨੁਭੂਤੀ ਕਰਾਉਣ ਦਾ ਕੋਰਸ ਕਰਾਉਣਾ ਚਾਹੁੰਦੇ ਹਨ। ਇਸ ਵਿੱਚ ਹੀ ਸਾਕਸ਼ਾਤਕਾਰ ਵੀ ਹੋਣਗੇ ਅਤੇ ਸਾਕਸ਼ਾਤ ਬਾਪ ਪ੍ਰਤੱਖ ਹੋਣਗੇ। ਸੁਣਿਆ, ਕੀ ਕਰਨਾ ਹੈ? ਪਲੈਨ ਮਿਲਿਆ? ਹੁਣ ਇਸ ਵਰ੍ਹੇ ਦੀ ਰਿਜ਼ਲਟ ਦੇਖਣਗੇ। ਅੱਛਾ।

ਚਾਰੋਂ ਪਾਸੇ ਦੇ ਅਤਿ ਪਿਆਰੇ ਬਾਪਦਾਦਾ ਦੇ ਦਿਲਤਖ਼ਤ ਨਸ਼ੀਨ ਸ੍ਰੇਸ਼ਠ ਆਤਮਾਵਾਂ ਨੂੰ, ਸਦਾ ਹੱਦ ਦੇ ਸੁਭਾਵ ਸੰਸਕਾਰ ਪਰਿਵਰਤਨ ਕਰਨ ਵਾਲੇ ਬੇਹੱਦ ਦੀ ਪਰਿਵਰਤਕ ਆਤਮਾਵਾਂ ਨੂੰ, ਸਦਾ ਇੱਕ ਸੈਕਿੰਡ, ਇੱਕ ਸੰਕਲਪ ਵੀ ਵਿਅਰਥ ਨਾ ਗਵਾਉਣ ਵਾਲੇ, ਜਮਾਂ ਕਰਨ ਵਾਲੇ ਤੀਵਰ ਪੁਰਸ਼ਾਰਥੀ ਬੱਚਿਆਂ ਨੂੰ, ਸਦਾ ਰਹਿਮਦਿਲ ਬਣ, ਦਾਤਾ ਬਣ ਹਰ ਆਤਮਾ ਨੂੰ, ਭਾਵੇਂ ਬ੍ਰਾਹਮਣ ਆਤਮਾ, ਭਾਵੇਂ ਪਿਆਸੀ ਆਤਮਾਵਾਂ ਨੂੰ ਕੁਝ ਨਾ ਕੁਝ ਅੰਚਲੀ ਦੇਣ ਵਾਲੇ, ਸਾਕਾਸ਼ ਦੇਣ ਵਾਲੇ, ਅਜਿਹੇ ਵੱਡੀ ਦਿਲ ਰੱਖਣ ਵਾਲੇ ਬੱਚਿਆਂ ਨੂੰ

ਬਾਪਦਾਦਾ ਦਾ ਬਹੁਤ -ਬਹੁਤ - ਬਹੁਤ ਯਾਦਪਿਆਰ ਅਤੇ ਨਮਸਤੇ।

ਵਰਦਾਨ:- ਉਮੰਗ - ਉਤਸ਼ਾਹ ਨਾਲ ਵਿਸ਼ਵ ਕਲਿਆਣ ਦੀ ਜਿੰਮੇਵਾਰੀ ਨਿਭਾਉਣ ਵਾਲੇ ਆਲਸ ਅਤੇ ਅਲਬੇਲੇਪਨ ਤੋਂ ਮੁਕਤ ਭਵ

ਭਾਵੇਂ ਨਵੇਂ ਹੋਣ ਜਾਂ ਪੁਰਾਣੇ ਹੋਣ, ਬ੍ਰਾਹਮਣ ਬਣਨਾ ਮਾਨਾ ਵਿਸ਼ਵ ਕਲਿਆਣ ਦੀ ਜਿੰਮੇਵਾਰੀ ਲੈਣਾ। ਜਦੋਂ ਕੋਈ ਵੀ ਜਿੰਮੇਵਾਰੀ ਹੁੰਦੀ ਹੈ ਤਾਂ ਤੀਵ੍ਰਗਤੀ ਨਾਲ ਪੂਰੀ ਕਰਦੇ ਹਨ, ਜਿੰਮੇਵਾਰੀ ਨਹੀਂ ਹੁੰਦੀ ਹੈ ਤਾਂ ਅਲਬੇਲੇ ਰਹਿੰਦੇ ਹਨ। ਜਿੰਮੇਵਾਰੀ ਆਲਸ ਅਤੇ ਅਲਬੇਲਾਪਨ ਸਮਾਪਤ ਕਰ ਦਿੰਦੀ ਹੈ। ਉਮੰਗ -ਉਤਸ਼ਾਹ ਵਾਲੇ ਅਥੱਕ ਹੁੰਦੇ ਹਨ। ਉਹ ਆਪਣੇ ਚੇਹਰੇ ਅਤੇ ਚਲਣ ਦਵਾਰਾ ਹੋਰਾਂ ਨੂੰ ਉਮੰਗ - ਉਤਸ਼ਾਹ ਵਧਾਉਂਦੇ ਰਹਿੰਦੇ ਹਨ।

ਸਲੋਗਨ:- ਸਮੇਂ ਪ੍ਰਮਾਣ ਸ਼ਕਤੀਆਂ ਨੂੰ ਯੂਜ਼ ਕਰਨਾ ਮਾਨਾ ਗਿਆਨੀ ਅਤੇ ਯੋਗੀ ਤੂ ਆਤਮਾ ਬਣਨਾ।

******

ਨੋਟ **:-** ਅੱਜ ਅਸੀਂ ਸਭਦੀ ਪ੍ਰਾਣਪਿਆਰੀ ਦਾਦੀ ਪ੍ਰਕਾਸ਼ਮਨਿ ਜੀ ਦਾ ਪੁਨਯ ਸਮ੍ਰਿਤੀ ਦਿਵਸ ਹੈ। ਜਿਵੇਂ ਦਾਦੀ ਜੀ ਹਰ ਕਰਮ ਵਿੱਚ ਸਤਵਾਦੀ ਬਣ, ਸੱਚੀ ਦਿਲ ਤੋਂ ਸਾਹਿਬ ਰਾਜ਼ੀ ਕਰ ਦਿਲਤਖ਼ਤਨਸ਼ੀਨ ਬਣੀ। ਇਵੇਂ ਅਸੀਂ ਵੀ ਦਾਦੀ ਜੀ ਦੇ ਸਮਾਨ ਬਣਨਾ ਹੈ, ਇਹ ਹੀ ਉਨ੍ਹਾਂ ਦੇ ਪ੍ਰਤੀ ਸਨੇਹ ਭਰੀ ਸ਼ਰਧਾਂਜਲੀ ਹੈ।